**ਮੁੱਖ ਮੰਤਰੀ ਦਫ਼ਤਰ, ਪੰਜਾਬ**

# ਕੋਵਿਡ ਦੀ ਚੁਣੌਤੀ ਦਰਮਿਆਨ ਕਣਕ ਦੀ ਖਰੀਦ ਸਫਲਤਾਪੂਰਵਕ ਮੁਕੰਮਲ, ਮੁੱਖ ਮੰਤਰੀ ਵੱਲੋਂ ਕਿਸਾਨਾਂ ਸਮੇਤ ਸਾਰੀਆਂ ਧਿਰਾਂ ਦੀ ਸ਼ਲਾਘਾ

- **ਹਾੜ੍ਹੀ ਮੰਡੀਕਰਨ ਸੀਜ਼ਨ 2020-21 ਦੌਰਾਨ ਕਣਕ ਦੀ 128 ਲੱਖ ਮੀਟਰਕ ਟਨ ਖਰੀਦ**

**ਚੰਡੀਗੜ੍ਹ, 31 ਮਈ**

ਕਣਕ ਦੀ ਖਰੀਦ ਦੇ ਏਸ਼ੀਆ ਦੇ ਸਭ ਤੋਂ ਵੱਡੇ ਕਾਰਜ ਦੇ ਮੁਕੰਮਲ ਹੋਣ ’ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕੋਵਿਡ-19 ਦੇ ਸੰਕਟਕਾਲੀਨ ਸਮੇਂ ਦੇ ਬਾਵਜੂਦ 128 ਲੱਖ ਮੀਟਰਕ ਟਨ ਕਣਕ ਦੀ ਖਰੀਦ ਨੂੰ ਸਫਲਤਾਪੂਰਵਕ ਸਿਰੇ ਚੜ੍ਹਾਉਣ ਲਈ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਅਤੇ ਸਾਰੀਆਂ ਸਰਕਾਰੀ ਏਜੰਸੀਆਂ ਦਾ ਧੰਨਵਾਦ ਕੀਤਾ ਹੈ।

ਇਸ ਸ਼ਾਨਦਾਰ ਪ੍ਰਾਪਤੀ ਲਈ ਖੇਤੀਬਾੜੀ ਵਿਭਾਗ, ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਅਤੇ ਮਾਰਕਫੈਡ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰੋਪਰੇਸ਼ਨ, ਪਨਸਪ ਤੋਂ ਇਲਾਵਾ ਐਫ.ਸੀ.ਆਈ. ਸਮੇਤ ਖਰੀਦ ਏਜੰਸੀਆਂ ਨੂੰ ਵਧਾਈ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੋਵਿਡ-19

ਦਰਮਿਆਨ ਕਣਕ ਦੀ ਪੜਾਅਵਾਰ ਆਮਦ ਲਈ ਮੰਡੀਆਂ ਵਿੱਚ ਕੀਤੇ ਪ੍ਰਬੰਧਾਂ ਅਤੇ ਕਾਰਜ ਪ੍ਰਬੰਧਨ ਸਦਕਾ ਮੌਜੂਦਾ ਹਾੜ੍ਹੀ ਸੀਜ਼ਨ ਦੌਰਾਨ ਡੇਢ ਮਹੀਨਾ ਲੰਮਾ ਚੱਲੇ ਖਰੀਦ ਕਾਰਜਾਂ ਵਿੱਚ ਕੋਈ ਰੁਕਾਵਟ ਨਹੀਂ ਆਈ।

ਮਹਾਮਾਰੀ ਨਾਲ ਪੈਦਾ ਹੋਏ ਗੰਭੀਰ ਖਤਰੇ ਦੇ ਬਾਵਜੂਦ ਮੁੱਖ ਮੰਤਰੀ ਨੇ ਖਰੀਜ ਕਾਰਜ ਮੁਕੰਮਲ ਹੋਣ ’ਤੇ ਤਸੱਲੀ ਜ਼ਾਹਰ ਕਰਦਿਆਂ ਆਖਿਆ ਕਿ ਕਣਕ ਦੀ ਵਾਢੀ, ਖਰੀਦ ਅਤੇ ਭੰਡਾਰਨ ਦੌਰਾਨ ਦਿਖਾਏ ਗਏ ਸੰਜਮ, ਅਨੁਸ਼ਾਸਨ ਅਤੇ ਸਿਹਤ ਸੁਰੱਖਿਆ ਦੀ ਪਾਲਣਾ ਨੂੰ ਯਕੀਨੀ ਬਣਾਉਣ ਕਰਕੇ ਕੋਵਿਡ-19 ਨਾਲ ਸਬੰਧਤ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ। ਮੁੱਖ ਮੰਤਰੀ ਨੇ ਕਿਹਾ ਕਿ ਸਾਰੀਆਂ ਧਿਰਾਂ ਨੇ ਇਕੱਠੇ ਹੋ ਕੇ ਸੰਕਟ ਦੇ ਇਸ ਸਮੇਂ ਮੁਲਕ ਨੂੰ ਅਨਾਜ ਪੱਖੋਂ ਆਤਮ-ਨਿਰਭਰਤਾ ਨੂੰ ਯਕੀਨੀ ਬਣਾਇਆ ਹੈ।

ਮੁੱਖ ਮੰਤਰੀ ਨੇ ਕਣਕ ਦੀ ਖਰੀਦ ਦੇ ਵਿਆਪਕ ਕਾਰਜ ਨੂੰ ਸਿਰੇ ਚੜ੍ਹਾਉਣ ਤੋਂ ਇਲਾਵਾ ਫਸਲ ਦੀ ਫੌਰੀ ਲਿਫਟਿੰਗ ਅਤੇ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਵੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਖਰੀਦ ਪ੍ਰਕ੍ਰਿਆ ਦੌਰਾਨ ਸਾਰਥਿਕ ਯਤਨ ਕਰਨ ਲਈ ਡਿਪਟੀ ਕਮਿਸ਼ਨਰਾਂ, ਗਾਰਡੀਅਨਜ਼ ਆਫ ਗਵਰਨੈਂਸ ਤੇ ਪੁਲੀਸ ਮੁਲਾਜ਼ਮਾਂ ਤੋਂ ਇਲਾਵਾ ਹੋਰ ਸਰਕਾਰੀ ਅਮਲੇ ਦੀ ਵੀ ਪ੍ਰਸੰਸ ਕੀਤੀ।

ਇਸੇ ਦੌਰਾਨ ਵਧੀਕ ਮੁੱਖ ਸਕੱਤਰ (ਵਿਕਾਸ) ਵਿਸਵਾਜੀਤ ਖੰਨਾ ਨੇ ਦੱਸਿਆ ਕਿ ਲੌਕਡਾਊਨ ਦੌਰਾਨ ਵਾਢੀ ਤੋਂ ਪਹਿਲਾਂ ਲੋੜੀਂਦੀਆਂ ਸਹੂਲਤਾਂ

ਮੁਹੱਈਆ ਕਰਵਾਉਣ ਲਈ ਖੇਤੀਬਾੜੀ ਵਿਭਾਗ ਨੇ ਵਾਢੀ ਦੇ ਮੁਕੰਮਲ ਹੋਣ ਤੱਕ ਪੰਜਾਬ ਦੀਆਂ ਹੱਦਾਂ ਵਿੱਚ ਦਾਖਲ ਹੋਣ ਵਾਲੇ ਸਾਰੇ ਕੰਬਾਈਨ ਅਪਰੇਟਰਾਂ ਤੱਕ ਪਹੁੰਚ ਕਰਕੇ ਜਾਂਚ ਅਤੇ ਨਿਗਰਾਨੀ ਕਰਨ ਲਈ ਕਾਮਯਾਬੀ ਨਾਲ ਤਾਲਮੇਲ ਕੀਤਾ। ਇਨ੍ਹਾਂ ਕੰਬਾਈਨ ਚਾਲਕਾਂ ਵੱਲੋਂ ਕੰਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਅਜਿਹੇ ਸਾਰੇ ਚਾਲਕਾਂ ਦੀ ਸਿਹਤ ਦੀ ਜਾਂਚ ਨੂੰ ਯਕੀਨੀ ਬਣਾਇਆ ਗਿਆ। ਇਸੇ ਤਰ੍ਹਾਂ ਵਿਭਾਗ ਵੱਲੋਂ ਕੰਬਾਇਨਾਂ ਅਤੇ ਹੜੰਬਿਆਂ ਨੂੰ ਸੈਨੀਟਾਈਜ਼ ਕਰਨ ਤੋਂ ਇਲਾਵਾ ਸਮਾਜਿਕ ਦੂਰੀ, ਮਾਸਕ ਪਹਿਨਣ ਅਤੇ ਹੱਥ ਧੋਣ ਦੇ ਉਪਾਵਾਂ ਨੂੰ ਵੀ ਯਕੀਨੀ ਬਣਾਇਆ ਗਿਆ।

ਵਧੀਕ ਮੁੱਖ ਸਕੱਤਰ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਨੇ ਹਰੇਕ ਮੰਡੀ ਵਿੱਚ ਕੋਵਿਡ ਤੋਂ ਬਚਾਅ ਕਰਨ ਲਈ ਸੁਰੱਖਿਆ ਸਟੇਸ਼ਨ ਸਥਾਪਤ ਕੀਤੇ ਸਨ ਜਿੱਥੇ ਹੱਥਾਂ ਦੀ ਛੋਹ ਤੋਂ ਬਗੈਰ ਹੱਥ ਧੋਣ ਵਾਲੇ ਯੂਨਿਟ ਤੇ ਸੈਨੀਟਾਈਜ਼ਰ ਤੋਂ ਇਲਾਵਾ 1.60 ਲੱਖ ਮਾਸਕ ਅਤੇ 35000 ਲਿਟਰ ਸੈਨੀਟਾਈਜ਼ਰ ਮੁਫਤ ਵੰਡਿਆ ਗਿਆ।

ਵਧੀਕ ਮੁੱਖ ਸਕੱਤਰ ਨੇ ਅੱਗੇ ਦੱਸਿਆ ਕਿ ਮੌਜੂਦਾ ਖਰੀਦ ਸੀਜ਼ਨ ਦੌਰਾਨ ਨਵੀਨਤਮ ਪ੍ਰਬੰਧ ਲਾਗੂ ਕੀਤੇ ਗਏ ਜਿਨ੍ਹਾਂ ਵਿੱਚ ਪਿਛਲੇ ਸਾਲ ਨਾਲੋਂ ਮੰਡੀਆਂ ਦੀ ਗਿਣਤੀ ਵਿੱਚ ਦੁੱਗਣਾ ਵਾਧਾ ਕਰਦੇ ਹੋਏ 1838 ਤੋਂ ਵਧਾ ਕੇ ਲਗਪਗ 4000 ਮੰਡੀਆਂ ਸਥਾਪਤ ਕੀਤੀਆਂ ਗਈਆਂ। ਇਸ ਤੋਂ ਇਲਾਵਾ ਕਿਸਾਨਾਂ ਨੂੰ ਆਪਣੀ ਫਸਲ ਮੰਡੀਆਂ ਵਿੱਚ ਲਿਆਉਣ ਲਈ ਆੜ੍ਹਤੀਆਂ ਰਾਹੀਂ 17.39 ਲੱਖ ਪਾਸ ਜਾਰੀ ਕੀਤੇ ਗਏ।

ਇਸੇ ਤਰ੍ਹਾਂ ਖੁਰਾਕ ਤੇ ਸਿਵਲ ਸਪਲਾਈਜ਼ ਦੇ ਪ੍ਰਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਦੱਸਿਆ ਕਿ ਸੂਬੇ ਵਿੱਚ ਕਣਕ ਦੀ ਕਾਸ਼ਤ ਹੇਠ 35.08 ਲੱਖ ਹੈਕਟੇਅਰ ਰਕਬਾ ਸੀ ਅਤੇ ਇਸ ਮੁਸ਼ਕਲ ਦੌਰ ਵਿੱਚ ਵੱਖ-ਵੱਖ ਏਜੰਸੀਆਂ ਵੱਲੋਂ 127.62 ਲੱਖ ਮੀਟਰਕ ਟਨ ਦੀ ਖਰੀਦ ਕੀਤੀ ਗਈ। ਉਨ੍ਹਾਂ ਅੱਗੇ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਵਿੱਚੋਂ ਕਣਕ ਦੀ ਆਮਦ ਵਿੱਚ ਸੰਗਰੂਰ ਜ਼ਿਲ੍ਹੇ ਪਹਿਲੇ ਸਥਾਨ 'ਤੇ ਰਿਹਾ ਹੈ ਜਿੱਥੇ 12.24 ਲੱਖ ਮੀਟਰਕ ਟਨ ਕਣਕ ਮੰਡੀਆਂ ਵਿੱਚ ਪਹੁੰਚੀ ਜੋ ਸੂਬੇ ਵਿੱਚ ਕਣਕ ਦੀ ਕੁੱਲ ਆਮਦ ਦਾ ਲਗਪਗ 10 ਫੀਸਦੀ ਬਣਦਾ ਹੈ। ਇਸ ਤੋਂ ਬਾਅਦ ਸ੍ਰੀ ਮੁਕਤਸਰ ਸਾਹਿਬ ਵਿੱਚ 9.70 ਲੱਖ ਮੀਟਰਕ ਟਨ ਅਤੇ ਬਠਿੰਡਾ ਵਿੱਚ 9.65 ਲੱਖ ਮੀਟਰਕ ਟਨ ਪਹੁੰਚੀ।

ਪ੍ਰਮੁੱਖ ਸਕੱਤਰ ਨੇ ਇਹ ਵੀ ਖੁਲਾਸਾ ਕੀਤਾ ਕਿ ਬੀਤੇ ਸੀਜ਼ਨ ਦੇ ਮੁਕਾਬਲੇ ਇਸ ਵਾਰ ਸੂਬੇ ਵਿੱਚ ਕਣਕ ਦੀ ਖਰੀਦ 3 ਲੱਖ ਮੀਟਰਕ ਟਨ ਘਟੀ। ਉਨ੍ਹਾਂ ਦੱਸਿਆ ਕਿ ਪਟਿਆਲਾ, ਫਾਜ਼ਿਲਕਾ, ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਕਮੀ ਦਰਜ ਕੀਤੀ ਗਈ ਜਦਕਿ ਲੁਧਿਆਣਾ, ਸੰਗਰੂਰ ਅਤੇ ਜਲੰਧਰ ਜ਼ਿਲ੍ਹਿਆਂ ਵਿੱਚ ਬੀਤੇ ਸਾਲ ਨਾਲੋਂ ਕਾਫੀ ਸੁਧਾਰ ਦੇਖਣ ਨੂੰ ਮਿਲਿਆ।

--------------

# ਮੁੱਖ ਮੰਤਰੀ ਦਫਤਰ

# ਪੰਜਾਬ ਵਿੱਚ ਕੱਲ੍ਹ ਤੋਂ ਮੇਨ ਮਾਰਕਿਟ, ਹਜ਼ਾਮਤ ਤੇ ਸ਼ਰਾਬ ਦੀਆਂ ਦੁਕਾਨਾਂ, ਸਪਾਅ ਆਦਿ ਨਿਰਧਾਰਤ ਸੰਚਾਲਨ ਵਿਧੀ ਦੀ ਪਾਲਣਾ ਨਾਲ ਖੁੱਲ੍ਹਣਗੇ

- **ਮੁੱਖ ਮੰਤਰੀ ਨੇ ਸਿਹਤ ਵਿਭਾਗ ਨੂੰ 8 ਜੂਨ ਤੋਂ ਹੋਟਲ, ਮਾਲ ਤੇ ਧਾਰਮਿਕ ਸਥਾਨਾਂ ਨੂੰ ਖੋਲ੍ਹਣ ਲਈ ਵਿਸਥਾਰ ਵਿੱਚ ਦਿਸ਼ਾ ਨਿਰਦੇਸ਼ ਬਣਾਉਣ ਲਈ ਕਿਹਾ**
- **ਰੈਸਟੋਰੈਂਟ ਬੈਠ ਕੇ ਖਾਣ-ਪੀਣ ਦੀ ਸਹੂਲਤ ਨਾਲ 8 ਜੂਨ ਤੋਂ ਖੁੱਲ੍ਹਣਗੇ, ਸੂਬੇ ਅੰਦਰ ਅਤੇ ਅੰਤਰ-ਰਾਜੀ ਆਵਾਜਾਈ 'ਤੇ ਕੋਈ ਬੰਦਿਸ਼ ਨਹੀਂ ਹੋਵੇਗੀ**

ਚੰਡੀਗੜ੍ਹ, 31 ਮਈ

ਕੇਂਦਰ ਸਰਕਾਰ ਵੱਲੋਂ ਆਨਲੌਕ 1.0 ਲਈ ਜਾਰੀ ਨਿਰਦੇਸ਼ਾਂ ਦੀ ਦਿਸ਼ਾ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਤਵਾਰ ਨੂੰ 8 ਜੂਨ 2020 ਤੋਂ ਹੋਟਲ, ਪ੍ਰਾਹੁਣਚਾਰੀ ਸੇਵਾਵਾਂ, ਸ਼ਾਪਿੰਗ ਮਾਲ, ਧਾਰਮਿਕ ਸਥਾਨ ਅਤੇ ਬੈਠ ਕੇ ਖਾਣ ਲਈ ਰੈਸਟੋਰੈਂਟ ਖੋਲ੍ਹਣ ਲਈ ਸਪੱਸ਼ਟ ਨਿਰਧਾਰਤ ਸੰਚਾਲਨ ਵਿਧੀ (ਐਸ.ਓ.ਪੀਜ਼) ਤੇ ਦਿਸ਼ਾ ਨਿਰਦੇਸ਼ ਬਣਾਉਣ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕੱਲ੍ਹ ਤੋਂ ਗੈਰ ਸੀਮਤ ਜ਼ੋਨਾਂ ਵਿੱਚ ਸ਼ਰਾਬ, ਹਜ਼ਾਮਤ, ਬਿਊਟੀ ਪਾਰਲਰ, ਸਪਾਅ ਆਦਿ ਦੀਆਂ ਦੁਕਾਨਾਂ ਖੋਲ੍ਹਣ ਦਾ ਐਲਾਨ ਕੀਤਾ ਹੈ।

ਉਨ੍ਹਾਂ ਸਿਹਤ ਤੇ ਟਰਾਂਸਪੋਰਟ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ 1 ਜੂਨ ਤੋਂ 30 ਜੂਨ ਤੱਕ ਦੇ ਲੌਕਡਾਊਨ ਦੇ ਸਮੇਂ ਲਈ ਗੈਰ ਸੀਮਤ ਜ਼ੋਨਾਂ ਵਿੱਚ ਗਤੀਵਿਧੀਆਂ ਅਤੇ ਆਉਣ-ਜਾਣ ਦੀ ਇਜ਼ਾਜਤ ਦੇਣ ਲਈ ਵਿਸਥਾਰ ਵਿੱਚ ਨਿਰਧਾਰਤ ਸੰਚਾਲਨ ਵਿਧੀ ਲੈ ਕੇ ਆਉਣ।

ਸੀਮਤ ਜ਼ੋਨਾਂ ਵਿੱਚ ਸਿਰਫ ਜ਼ਰੂਰੀ ਸੇਵਾਵਾਂ ਦੀ ਹੀ ਆਗਿਆ ਦਿੱਤੀ ਜਾਵੇ। ਘੇਰੇ ਉਤੇ ਸਖਤੀ ਨਾਲ ਕੰਟਰੋਲ ਕੀਤਾ ਜਾਵੇ। ਅਜਿਹੇ ਜ਼ੋਨਾਂ ਦੀ ਸ਼ਨਾਖਤ ਜ਼ਿਲਾ ਅਥਾਰਟੀ ਵੱਲੋਂ ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦੀਆਂ ਦਿਸ਼ਾ ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਕੀਤੀ ਜਾਵੇਗੀ। ਜ਼ਿਲਾ ਅਥਾਰਟੀ ਵੱਲੋਂ ਸੀਮਤ ਜ਼ੋਨਾਂ ਤੋਂ ਬਾਹਰ ਬਫਰ ਜ਼ੋਨਾਂ ਦੀ ਸ਼ਨਾਖਤ ਕੀਤੀ ਜਾਵੇਗੀ ਜਿੱਥੇ ਜੇ ਬੰਦਿਸ਼ਾਂ ਦੀ ਲੋੜ ਪਈ ਤਾਂ ਲਗਾਈਆਂ ਜਾ ਸਕਣਗੀਆਂ।

ਸਾਰੀ ਗੈਰ ਜ਼ਰੂਰੀ ਗਤੀਵਿਧੀਆਂ ਲਈ ਵਿਅਕਤੀਗਤ ਆਉਣ-ਜਾਣ ਦੀਆਂ ਪਾਬੰਦੀਆਂ ਰਾਤ 9 ਵਜੇ ਤੋਂ ਸਵੇਰੇ 5 ਵਜੇ ਦੇ ਵਿਚਕਾਰ ਪਹਿਲਾਂ ਵਾਂਗ ਜਾਰੀ ਰਹਿਣਗੀਆਂ। ਕੇਂਦਰ ਦੇ ਦਿਸ਼ਾ ਨਿਰਦੇਸ਼ਾਂ

ਅਨੁਸਾਰ ਜ਼ਿਲਾ ਪ੍ਰਸ਼ਾਸਨ ਨੂੰ ਸੀ.ਆਰ.ਪੀ.ਸੀ. ਦੀ ਧਾਰਾ 144 ਤਹਿਤ ਪਾਬੰਦੀ ਦੇ ਹੁਕਮ ਜਾਰੀ ਕਰਨ ਅਤੇ ਇਨ੍ਹਾਂ ਦੀ ਸਖਤੀ ਨਾਲ ਪਾਲਣਾ ਦੇ ਆਦੇਸ਼ ਦਿੱਤੇ ਗਏ ਹਨ।

ਮੁੱਖ ਮੰਤਰੀ ਦੀਆਂ ਹਦਾਇਤਾਂ ਮੁਤਾਬਕ ਇਕ ਜੂਨ ਤੋਂ ਮੇਨ ਬਾਜ਼ਾਰ ਵਿੱਚ ਦੁਕਾਨਾਂ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲ੍ਹਿਆ ਕਰਨਗੀਆਂ ਅਤੇ ਸ਼ਰਾਬ ਦੇ ਠੇਕੇ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲ੍ਹੇ ਰਹਿਣਗੇ। ਮੇਨ ਬਾਜ਼ਾਰਾਂ, ਮਾਰਕੀਟ ਕੰਪਲੈਕਸਾਂ ਅਤੇ ਰੇਹੜੀ ਮਾਰਕਿਟਾਂ ਵਿੱਚ ਭੀੜ ਭੜੱਕਾ ਰੋਕਣ ਲਈ ਸਮੇਂ ਤੈਅ ਕਰਨ ਵਾਸਤੇ ਡਿਪਟੀ ਕਮਿਸ਼ਨਰਾਂ ਨੂੰ ਆਪਣੇ ਅਖਤਿਆਰ ਵਰਤਣ ਲਈ ਅਧਿਕਾਰਤ ਕੀਤਾ ਗਿਆ ਹੈ। ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਜਾ ਰਹੀ ਨਿਰਧਾਰਤ ਸੰਚਾਲਨ ਵਿਧੀ ਦੀ ਪਾਲਣਾ ਦੀ ਸ਼ਰਤ ’ਤੇ ਹਜ਼ਾਮਤ ਦੀਆਂ ਦੁਕਾਨਾਂ, ਵਾਲ ਕੱਟਣ ਵਾਲੇ ਸੈਲੂਨ, ਬਿਊਟੀ ਪਾਰਲਰ ਅਤੇ ਸਪਾਅ ਭਲਕ ਤੋਂ ਖੋਲ੍ਹਣ ਦੀ ਇਜਾਜ਼ਤ ਹੈ।

ਹਾਲਾਂਕਿ, ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਾਰੇ ਐਸ.ਓ.ਪੀਜ਼. ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਮਾਸਕ ਪਹਿਨਣ ਤੇ ਸਮਾਜਿਕ ਦੂਰੀ ਸਮੇਤ ਸਿਹਤ ਸੁਰੱਖਿਆ ਉਪਾਵਾਂ ਦੀ ਸਖਤੀ ਨਾਲ ਪਾਲਣਾ ਕਰਨੀ ਹੋਵੇਗੀ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਭਾਵੇਂ ਕਿ ਸ਼ਹਿਰਾਂ ਅਤੇ ਜ਼ਿਲ੍ਹਿਆਂ ਦਰਮਿਆਨ ਆਉਣ-ਜਾਣ ’ਤੇ ਕੋਈ ਬੰਦਿਸ਼ ਨਹੀਂ ਪਰ ਬੇਲੋੜੇ ਸਫਰ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਨੇ ਸੂਬੇ ਦੇ ਸਿਹਤ ਵਿਭਾਗ ਨੂੰ ਇਸ ਸਬੰਧ ਵਿੱਚ ਵੱਖਰੇ ਤੌਰ ’ਤੇ ਐਸ.ਓ.ਪੀ. ਜਾਰੀ ਕਰਨ ਲਈ ਆਖਿਆ।

ਮੁੱਖ ਮੰਤਰੀ ਦੇ ਹੁਕਮਾਂ ’ਤੇ ਐਤਵਾਰ ਦੀ ਸ਼ਾਮ ਜਾਰੀ ਕੀਤੇ ਤਾਜ਼ਾ ਦਿਸ਼ਾ-ਨਿਰਦੇਸ਼ਾਂ ਮੁਤਾਬਕ ਗੈਰ-ਜ਼ਰੂਰੀ ਵਸਤਾਂ ਸਮੇਤ ਸਾਰੇ ਉਤਪਾਦਾਂ ਲਈ ਪੰਜਾਬ ਵਿੱਚ ਹੁਣ ਈ-ਕਾਮਰਸ ਦੀ ਇਜਾਜ਼ਤ ਹੈ। ਸਿਹਤ ਵਿਭਾਗ ਦੇ ਐਸ.ਓ.ਪੀਜ਼ ਦੇ ਅਨੁਸਾਰ ਖੇਡ ਕੰਪਲੈਕਸ ਅਤੇ ਸਟੇਡੀਅਮ ਵੀ ਦਰਸ਼ਕਾਂ ਤੋਂ ਬਿਨਾਂ ਖੋਲ੍ਹੇ ਜਾ ਸਕਦੇ ਹਨ।

ਜਿੱਥੋਂ ਤੱਕ ਬੱਸਾਂ ਦੀ ਅੰਤਰ-ਰਾਜੀ ਆਵਾਜਾਈ ਦਾ ਸਵਾਲ ਹੈ, ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਕੀਤੇ ਜਾ ਰਹੇ ਐਸ.ਓ.ਪੀਜ਼ ਦੇ ਮੁਤਾਬਕ ਹੋਰਨਾਂ ਸੂਬਿਆਂ ਦੀ ਸਹਿਮਤੀ ਨਾਲ ਬੱਸਾਂ ਚਲਾਉਣ ਦੀ ਆਗਿਆ ਹੋਵੇਗੀ। ਟਰਾਂਸਪੋਰਟ ਵਿਭਾਗ ਵੱਲੋਂ ਬੱਸਾਂ ਦੀ ਅੰਤਰ-ਰਾਜੀ ਦੀ ਆਵਾਜਾਈ ਲਈ ਐਸ.ਓ.ਪੀ. ਜਾਰੀ ਕੀਤਾ ਜਾਵੇਗਾ। ਇਸੇ ਤਰ੍ਹਾਂ ਜ਼ਰੂਰੀ ਵਸਤਾਂ ਦੀ ਅੰਤਰ-ਰਾਜੀ ਆਵਾਜਾਈ ’ਤੇ ਬੰਦਿਸ਼ ਨਹੀਂ ਹੋਵੇਗੀ।

ਟੈਕਸੀਆਂ, ਕੈਬ, ਸਟੇਜ ਕੈਰੀਅਰ, ਟੈਂਪੂ ਟਰੈਵਲ ਅਤੇ ਕਾਰਾਂ ਵਰਗੇ ਯਾਤਰੂ ਵਾਹਨਾਂ ਦੀ ਅੰਤਰ-ਰਾਜੀ ਅਤੇ ਰਾਜ ਅੰਦਰ ਚਲਾਉਣ ’ਤੇ ਕੋਈ ਬੰਦਿਸ਼ ਨਹੀਂ ਹੈ ਪਰ ‘ਕੋਵਾ’ ਐਪ ਤੋਂ ਖੁਦ ਹੀ ਈ-ਪਾਸ

ਬਣਾ ਕੇ ਡਾਊਨਲੋਡ ਕਰਨਾ ਹੋਵੇਗਾ। ਪੰਜਾਬ ਦੇ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਐਸ.ਓ.ਪੀ. ਦੀ ਪਾਲਣਾ ਦੀ ਸ਼ਰਤ ’ਤੇ ਸਾਈਕਲ, ਰਿਕਸ਼ਾ ਅਤੇ ਆਟੋ-ਰਿਕਸ਼ੇ ਚਲਾਉਣ ਦੀ ਇਜਾਜ਼ਤ ਹੋਵੇਗੀ।

ਇਸੇ ਤਰ੍ਹਾਂ ਰੇਲ ਗੱਡੀਆਂ ਦੀ ਅੰਤਰ-ਰਾਜੀ ਆਵਾਜਾਈ ਅਤੇ ਘਰੇਲੂ ਉਡਾਨਾਂ ਲਈ ਅੰਦਰੂਨੀ ਮੁਸਾਫਰਾਂ ਨੂੰ ਸਿਹਤ ਵਿਭਾਗ ਦੇ ਐਸ.ਓ.ਪੀਜ਼. ਦੀ ਪਾਲਣਾ ਕਰਨੀ ਹੋਵੇਗੀ ਅਤੇ ‘ਕੋਵਾ’ ਐਪ ਡਾਊਨਲੋਡ ਕਰਨ ਅਤੇ ਖੁਦ ਹੀ ‘ਈ-ਪਾਸ’ ਬਣਾਉਣ ਜਾਂ ਫਿਰ ਰੇਲਵੇ ਸਟੇਸ਼ਨ ’ਤੇ ਆਪਣੀ ਜਾਣਕਾਰੀ ਦੇਣੀ ਹੋਵੇਗੀ। ਮੁਸਾਫਰਾਂ ਨੂੰ 14 ਦਿਨਾਂ ਲਈ ਘਰੇਲੂ ਏਕਾਂਤਵਾਸ ਵਿੱਚ ਰੱਖਿਆ ਜਾਵੇਗਾ।

ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਸਾਰੀ ਕਿਸਮ ਦੇ ਉਦਯੋਗ, ਉਸਾਰੀ ਦੀਆਂ ਗਤੀਵਿਧੀਆਂ  ਨਾਲ -ਨਾਲ ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ ਅਤੇ ਪਸ਼ੂਆਂ ਦੇ ਇਲਾਜ ਲਈ ਸੇਵਾਵਾਂ ਬਿਨਾਂ ਕਿਸੇ ਬੰਦਸ਼ ਦੇ ਚਲਾਉਣ ਦੀ ਪ੍ਰਵਾਨਗੀ ਹੋਵੇਗੀ। ਇਸ ਤੋਂ ਇਲਾਵਾ ਉਦਯੋਗਾਂ ਅਤੇ ਹੋਰ ਸਥਾਪਤੀਆਂ ਦੇ ਮੁੜ ਕੰਮ ਸ਼ੁਰੂ ਕਰਨ ਲਈ ਕਿਸੇ ਵੱਖਰੀ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਹੋਵੇਗੀ।

ਜਿਥੋਂ ਤੱਕ ਦਫਤਰਾਂ ਦਾ ਸਬੰਧ ਹੈ, ਕੇਂਦਰ ਸਰਕਾਰ ਅਤੇ ਨਿੱਜੀ ਦਫਤਰ ਮੁਲਾਜ਼ਮਾਂ ਦੀ ਲੋੜੀਂਦੀ ਸਮਰੱਥਾ ਨਾਲ ਖੁੱਲ੍ਹਣਗੇ ਅਤੇ ਜੇਕਰ ਜ਼ਰੂਰਤ ਹੋਵੇ ਤਾਂ ਛੋਟੀ ਟੀਮ ਨਾਲ ਕੰਮ ਚਲਾਉਣ ਲਈ ਸਮੇਂ ਨੂੰ ਉਸ ਅਨੁਸਾਰ ਨਿਸ਼ਚਿਤ ਕੀਤਾ ਜਾਵੇਗਾ। ਪੰਜਾਬ ਸਰਕਾਰ ਦੇ ਦਫਤਰਾਂ ਵਿੱਚ ਦਫਤਰ ਦੇ ਮੁੱਖੀ ਵੱਲੋਂ ਉਪਲੱਬਧ ਥਾਂ ਅਨੁਸਾਰ ਸਮਾਜਿਕ ਦੂਰੀ ਨੂੰ ਯਕੀਨੀ ਬਣਾਇਆ ਜਾਵੇਗਾ। ਜੇਕਰ ਥਾਂ ਲੋੜ ਅਨੁਸਾਰ ਉਪਲਬਧ ਨਾ ਹੋਵੇ ਤਾਂ ਮੁਲਾਜ਼ਮਾਂ ਰੋਟੇਸ਼ਨ ਅਨੁਸਾਰ ਦਫਤਰ ਵਿਖੇ ਹਾਜ਼ਰ ਹੋਣਗੇ। ਜ਼ਿਲਾ ਅਧਿਕਾਰੀ ਭੀੜ ਅਤੇ ਜ਼ਿਆਦਾ ਇਕੱਤਰਤਾ ਤੋਂ ਬਚਾਓ ਰੱਖਣ ਲਈ ਦਫਤਰੀ ਸਮੇਂ ਵਿੱਚ ਕਟੌਤੀ ਕੀਤੇ ਬਿਨਾਂ ਮੁਲਾਜ਼ਮਾਂ ਲਈ ਵੰਡਵਾਂ ਸਮਾਂ ਲਾਗੂ ਕਰਨਗੇ। ਸਾਰੇ ਮੁਲਾਜ਼ਮ ਭਾਵੇਂ ਸਰਕਾਰੀ ਦਫਤਰਾਂ ਵਿੱਚ ਹੋਣ ਜਾਂ ਪ੍ਰਾਈਵੇਟ ਦਫਤਰਾਂ ਜਾਂ ਹੋਰ ਕੰਮ ਦੀਆਂ ਥਾਵਾਂ ਨਾਲ ਸਬੰਧਤ, ਤੈਅ ਸਮੇਂ (ਸਵੇਰੇ 5 ਵਜੇ ਤੋਂ ਰਾਤ 9 ਵਜੇ ਤੱਕ) ਦੌਰਾਨ ਬਿਨਾਂ ਕਿਸੇ ਪਾਸ ਦੇ ਆ  ਜਾ ਸਕਣਗ। ਅੰਤਰ-ਰਾਜੀ ਅਤੇ ਜ਼ਿਲਿਆਂ ਦਰਮਿਆਨ ਸਫਰ ਲਈ ਈ-ਪਾਸ ਜ਼ਰੂਰੀ ਹੋਵੇਗਾ।

ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਹੜੀਆਂ ਗਤੀਵਿਧੀਆਂ ’ਤੇ ਇਸ ਗੇੜ ਦੌਰਾਨ 1 ਜੂਨ ਤੋਂ 30 ਜੂਨ ਤੱਕ ਪਾਬੰਦੀ ਹੋਵੇਗੀ ਉਨ੍ਹਾਂ ਵਿੱਚ ਸਿਨੇਮਾ ਹਾਲ, ਜ਼ਿਮਨੇਜ਼ੀਅਮ, ਸਵਿੰਮਿੰਗ ਪੂਲ, ਮਨੋਰੰਜਨ ਪਾਰਕ, ਥੀਏਟਰ, ਬਾਰ, ਆਡੀਟੋਰੀਅਮ, ਅੰਸੈਬਲੀ ਹਾਲ ਅਤੇ ਅਜਿਹੀਆਂ ਹੋਰ ਥਾਵਾਂ ਸ਼ਾਮਲ ਹਨ।

ਸਮਾਜਿਕ/ਰਾਜਨੀਤਕ/ਖੇਡਾਂ/ਮਨੋਰੰਜਨ/ਅਕਾਦਮਿਕ/ਸਭਿਆਚਾਰਕ/ਧਾਰਮਿਕ ਸਮਾਗਮਾਂ ਅਤੇ ਹੋਰ ਇਕੱਠ ਕਰਨ ਦੀ ਆਗਿਆ ਨਹੀਂ ਹੈ। ਇਸ ਤੋਂ ਇਲਾਵਾ ਜਨਤਕ ਥਾਵਾਂ ’ਤੇ ਥੁੱਕਣ, ਸ਼ਰਾਬ ਪੀਣ,

ਪਾਨ, ਤੰਬਾਕੂ ਆਦਿ ਦੀ ਪੂਰਨ ਪਾਬੰਦੀ ਹੋਵੇਗੀ ਭਾਵੇਂ ਇਨ੍ਹਾਂ ਦੀ ਵਿਕਰੀ ’ਤੇ ਕੋਈ ਪਾਬੰਦੀ ਨਹੀਂ ਹੋਵੇਗੀ।

-------

**CHIEF MINISTER’s OFFICE,**
**PUNJAB**

## PUNJAB TO OPEN MAIN MARKETS, BARBER & LIQUOR SHOPS, SPAS ETC FROM TOMORROW SUBJECT TO SOPs

## CM ASKS HEALTH DEPT TO FORMULATE DETAILED GUIDELINES TO OPEN HOTELS, MALLS, PLACES OF WORSHIP FROM JUNE 8

## RESTAURANTS ALSO TO OPEN FOR IN-DINING FROM JUNE 8, NO CURBS ON INTRA OR INTER STATE MOVEMENT

Chandigarh, May 31:

In line with the Central Government’s guidelines for Unlock 1.0, Punjab Chief Minister Captain Amarinder Singh on Sunday ordered formulation of clearly defined SOPs/guidelines for opening up of hotels /hospitality services, shopping malls, places of worship, and restaurants for in-dinning, from June 8, 2020, while announcing immediate opening up of shops, including liquor and barber shops, beauty parlours, Spas etc, from tomorrow in the non-containment zones.

He has directed the Health and Transport Departments to come out with detailed SOPs for permitted activities and movement in this phase of the lockdown, beginning June 1 till June 30, for the areas outside containment zones.

In the containment zones, however, only essential activities shall be allowed and there shall be a strict perimeter control. Such zones will bedemarcated by the District authorities after taking into consideration the guidelines of the Ministry of Health & Family Welfare (MoHFW), Government of India. The district authorities would also identify buffer zones outside containment zones wherein restrictions as considered necessary, may be put in place.

The movement of individuals for all the non-essential activities shall remain prohibited between 9.00 pm to 5.00 am, as per the Centre’s guidelines and district authorities have been directed to issue prohibitory orders u/s 144 of Cr.PC and ensure strict compliance.

As per the directives of the Chief Minister, effective June 1, shops in main bazars will be open between 7 a.m. and 7 p.m., and liquor vends can remain open from 8 a.m. to 8 p.m. The DCs have been authorised to exercise their discretion in staggering the timings to avoid crowding, in main bazars, market complexes and rehri markets. Subject to compliance with SOPs to be issued by the Health Department, barber shops, hair-cut salons, beauty parlours and Spas are also allowed to open up from tomorrow.

The Chief Minister, however, made it clear that strict compliance would have to be ensured to all SOPs, as well as health and safety protocols, including wearing of masks and social distancing. Though no restrictions are in place on movement within city or districts, the Chief Minister urged people to avoid non-essential travel, and said the State Department of Health will issue a separate SOP in this regard.

E-commerce is now permitted in Punjab for all goods, including non-essential, as per the latest guidelines issued on the directives of the Chief Minister late on Sunday evening. Sports complexes and stadia can also open without spectators as per the SOPs of the Health Department.

As far as inter-state travel buses will ply with the consent of other states, as per SOPs to be issued by the Transport Department. The Transport Department will also issue SOPs for intra-State movement of buses. Inter-state movement of essential goods will not be restricted.

There are no restrictions on either inter-state or intra-state movement of passenger vehicles such as taxis, cabs, stage carriers, tempo-travellers and cars, but self-generated e-pass would need to be downloaded from COVA app. Bicycles, rickshaws and auto-rickshaws will be allowed subject to compliance of the SOP as issued by the Transport Department, Punjab.

For inter-state movement of trains and domestic flights, the inward passengers would have to follow the SOPs of the Health Department and would be required to either download Cova-app and get self-generated 'e-pass' or declare their particulars at the railway station. The passengers would also be home quarantined for 14 days.

All categories of industries, construction activities are allowed to operate, without any restriction, in both rural and urban areas, along with agricultural, horticultural, animal husbandry, veterinary services. No separate permission would be required by the industries and other establishments to resume their operations.

As far as offices are concerned, Central Government and Private Offices will be open as per required strength, with timings to be adjusted to work in small teams if required. For Punjab government offices, the Head of the Office will ensure that there is adequate space for maintaining social-distancing norms. If the space is inadequate, the employees will be required to attend office by rotation.

District authorities may, however, in order to avoid crowding and congestion, stagger timings of various offices without curtailing the office hours. All employees, be it government offices, private offices and other work places, would be allowed to move without any requirement of pass during the permitted hours i.e. 5.00 am to 9.00 pm, except the mandatory self-generated e-pass for inter-district and inter-state travel .

The activities that continue to be prohibited in the state in this phase, from June 1 to June 30, as per the Centre's guidelines, are Cinema halls, gymnasiums, swimming pools, entertainment parks, theatres, bars, auditoriums, assembly halls and similar places.

Social/ political/ sports/ entertainment/ academic/ cultural/ religious functions and other large congregations are not allowed. There is also complete prohibition on spitting in public places, consumption of liquor, pan, gutka, tobacco etc. in public places, though there is no restriction on their sale.

No-I/29315/2020)

-----------------------

CHIEF MINISTER'S OFFICE, PUNJAB

# PUNJAB CM APPRECIATES FARMERS & OTHER STAKEHOLDERS FOR WHOPPING 128 LMT WHEAT PROCUREMENT AMID COVID-19

Chandigarh, May 31:

As the curtains came down on Asia's largest wheat procurement operations in Punjab, Chief Minister Captain Amarinder Singh on Sunday thanked the farmers, the Arthiyas, labourers and all government agencies for successful procurement of a whopping 128 LMT of wheat despite the COVID-19 challenge.

The Chief Minister complimented the Departments of Agriculture and Food & Civil Supplies, along with their agencies including MARKFED, Punjab State Warehousing Corporation, PUNSUP, as well as the FCI, on this remarkable feat. Due to the elaborate mandi arrangements and operational management of the staggered arrival of wheat, COVID-19 failed to put a spoke in the gigantic wheat

procurement operation, lasting one-and-a-half month, during the just concluded Rabi Marketing Season, he said.

Captain Amarinder said the patience and discipline, along with adherence of all involved in the operation with strict health and safety measures put in place for harvesting, procurement and storage of wheat, had ensured zero Covid cases in the entire process. They had together ensured the country’s sustained self-sustenance in food even in these trying circumstances, he added.

The Chief Minister also appreciated Food & Civil Supplies Minister Bharat Bhushan Ashu for successfully accomplishing the massive task of wheat procurement, besides prompt lifting and ensuring timely payment to the farmers for their produce. He lauded the concerted efforts of Deputy Commissioners, GoGs and police personnel, as well as other government staff involved in the procurement process.

Meanwhile, ACS Development Viswajeet Khanna said that to facilitate the pre-harvesting necessities during lockdown, the Department of Agriculture had successfully coordinated the tracking, screening and supervision of all combine operators entering Punjab borders, till the completion of the harvesting operation. Medical check-up of such combine operators was ensured before the start of work, and sanitization of combine harvesting machines and straw reapers was ensured by department, apart from enforcing social distancing, face masking and hand washing measures.

ACS further said that Punjab Mandi Board provided COVID safety stations in every mandi, each of which was equipped with a hands free hand washing unit and sanitizer, in addition to free distribution of 1.6 lakh masks and 35000 ltrs of sanitizers.

The ACS further said that with the innovative arrangements undertaken during the current procurement, the number of mandis was increased from last year’s 1837 to 4000, besides issuing 17.39 Lakh online passes to farmers through Arthiyas to regulate arrival of their produce.

Principal Secretary Food & Civil Supplies KAP Sinha disclosed that of the wheat sown across 35.08 Lac hectares, 127.62 LMT had been procured by the agencies during this difficult phase. Sangrur district topped in terms of arrival, with 12.23 LMT, which is almost 10 percent of the state’s total arrival, followed by Muktsar (9.68LMT) and Bathinda (9.64LMT). Sinha further stated that the arrival

curve that traditionally had spikes of above 11 LMT had been relatively flat at about 6-7 LMT per day.

The Principal Secretary said the 3 LMT shortfall in procurement compared with last year came mainly from the districts of Patiala Fazilka, Amritsar and Tarn Tarn, while Ludhiana, Sangrur and Jalandhar districts posted higher procurement this year.

------------

No.I/29303/2020

मुख्यमंत्री कार्यालय, पंजाब

## कोविड की चुनौती के दरमियान गेहूँ की खरीद सफलतापूर्वक मुकम्मल, मुख्यमंत्री की तरफ से किसानों समेत सभी पक्षों की सराहना

रबी मंडीकरण सीजन 2020 -21 के दौरान गेहूँ की 128 लाख मीट्रिक टन खरीद

चंडीगढ़, 31 मई:

गेहूं की खरीद के एशिया के सबसे बड़े कार्य के मुकम्मल होने पर पंजाब के मुख्यमंत्री कैप्टन अमरिन्दर सिंह ने आज कोविड -19 के संकटकालीन समय के बावजूद 128 लाख मीट्रिक टन गेहूँ की खरीद को सफलतापूर्वक पूरा करने के लिए किसानों, आढ़तियों, मज़दूरों और सभी सरकारी एजेंसियों का धन्यवाद किया है।

इस शानदार प्राप्ति के लिए कृषि विभाग, खाद्य और सिविल सप्लाईज़ विभाग और मार्कफैड, पंजाब स्टेट वेयरहाउसिंग कॉरपरोशन, पनसप के अलावा एफ.सी.आई. समेत खरीद एजेंसियों को बधाई देते हुये कैप्टन अमरिन्दर सिंह ने कहा कि कोविड -19 के दरमियान गेहूँ की क्रमवार आमद के लिए मंडियों में किये गये प्रबंधों और कार्य प्रबंधन के कारण मौजूदा रबी सीजन के दौरान डेढ़ महीना लम्बा चले खरीद कामों में कोई रुकावट नहीं आई।

महामारी के साथ पैदा हुए गंभीर खतरे के बावजूद मुख्यमंत्री ने खरीद कार्य मुकम्मल होने पर तसल्ली ज़ाहिर करते हुये कहा कि गेहूँ की कटाई, खरीद और भंडारण के दौरान दिखाऐ गए संयम, अनुशासन और सेहत सुरक्षा की पालना को यकीनी बनाने के कारण कोविड -19 से सम्बन्धित कोई भी मामला सामने नहीं

आया। मुख्यमंत्री ने कहा कि सभी पक्षों ने इकट्ठा होकर संकट के इस समय मुल्क की अनाज पक्ष से आत्म-निर्भरता को यकीनी बनाया है।

मुख्यमंत्री ने गेहूँ की खरीद के व्यापक कार्य को पूरा करने के अलावा फ़सल की तत्काल लिफ्टिंग और किसानों को समय पर अदायगी किये जाने को यकीनी बनाने के लिए ख़ाद्य और सिविल सप्लाईज़ मंत्री भारत भूषण आशु की भी सराहना की। इसके अलावा मुख्यमंत्री ने खरीद प्रक्रिया के दौरान सार्थक यत्न करने के लिए डिप्टी कमीशनरों, गार्डियनज़ ऑफ गवर्नेंस और पुलिस मुलाजिमों के अलावा अन्य सरकारी अमले की भी प्रशंसा की।

इसी दौरान अतिरिक्त मुख्य सचिव (विकास) विसवाजीत खन्ना ने बताया कि लॉकडाउन के दौरान कटाई से पहले ज़रूरी सहूलतें मुहैया करवाने के लिए कृषि विभाग ने कटाई के मुकम्मल होने तक पंजाब की सीमाओं में दाख़िल होने वाले सभी कम्बाईन ऑपरेटरों तक पहुँच करके जांच और निगरानी करने के लिए कामयाबी के साथ तालमेल किया। इन कम्बाईन चालकों की तरफ से काम की शुरुआत करने से पहले ऐसे सभी चालकों की सेहत की जांच को यकीनी बनाया गया। इसी तरह विभाग की तरफ से कम्बायनों और हड़मबों को सैनीटाईज़ करने के अलावा सामाजिक दूरी, मास्क पहनने और हाथ धोने के उपायों को भी यकीनी बनाया गया।

अतिरिक्त मुख्य सचिव ने बताया कि पंजाब मंडी बोर्ड ने हर मंडी में कोविड से बचाव करने के लिए सुरक्षा स्टेशन स्थापित किये थे जहाँ हाथों के स्पर्श किये बिना हाथ धोने वाले यूनिट और सैनीटाईजऱ के अलावा 1.60 लाख मास्क और 35000 लीटर सैनीटाईजऱ मुफ़्त बाँटा गया।

अतिरिक्त मुख्य सचिव ने आगे बताया कि मौजूदा खरीद सीजन के दौरान नवीनतम प्रबंध लागू किये गए जिनमें पिछले साल की अपेक्षा मंडियों की संख्या में दोगुना विस्तार करते हुए 1838 से बढ़ा कर लगभग 4000 मंडियां स्थापित की गई। इसके अलावा किसानों को अपनी फ़सल मंडियों में लाने के लिए आढ़तियों के द्वारा 17.39 लाख पास जारी किये गए।

इसी तरह खाद्य और सिविल सप्लाईज़ के प्रमुख सचिव के.ए.पी. सिन्हा ने बताया कि राज्य में गेहूँ की काश्त के अधीन 35.08 लाख हेक्टेयर क्षेत्रफल था और इस मुश्किल दौर में अलग-अलग एजेंसियों द्वारा 127.62 लाख मीट्रिक टन की खरीद की गई। उन्होंने आगे बताया कि सभी जिलों में से गेहूँ की आमद में संगरूर जिला पहले स्थान पर रहा है जहाँ 12.24 लाख मीट्रिक टन गेहूँ मंडियों में पहुँची जो राज्य में गेहूँ की कुल आमद का लगभग 10 प्रतिशत बनता है। इसके बाद श्री मुक्तसर साहिब में 9.70 लाख मीट्रिक टन और बठिंडा में 9.65 लाख मीट्रिक टन पहुँची।

प्रमुख सचिव ने यह भी खुलासा किया कि बीते सीजन के मुकाबले इस बार राज्य में गेहूँ की खरीद 3 लाख मीट्रिक टन घटी। उन्होंने बताया कि पटियाला, फाजिल्का, अमृतसर और तरन तारन जिलों में कम दर्ज की गई जबकि लुधियाना, संगरूर और जालंधर जिलों में बीते साल की अपेक्षा काफ़ी सुधार देखने को मिला।

---------

मुख्यमंत्री कार्यालय, पंजाब

**पंजाब में कल से मैन मार्केट, हजामत और शराब की दुकानों, सपाय आदि निर्धारित संचालन विधि की पालना के साथ खुलेंगे**

**मुख्यमंत्री ने स्वास्थ्य विभाग को 8 जून से होटल, मॉल और धार्मिक स्थानों को खोलने के लिए विस्तार में दिशा-निर्देश बनाने के लिए कहा**

**रैस्टोरैंट बैठ कर खाने -पीने की सुविधा के साथ 8 जून से खुलेंगे, राज्य में और अंतरराज्ज़ीय यातायात पर कोई बन्दिश नहीं होगी**

चंडीगढ़, 31 मई:

केंद्र सरकार की तरफ से अनलॉक 1.0 के लिए जारी निर्देशों की दिशा में पंजाब के मुख्यमंत्री कैप्टन अमरिन्दर सिंह ने रविवार को 8 जून, 2020 से होटल, आतिथ्य सेवाओं, शापिंग मॉल, धार्मिक स्थान और बैठ कर खाने के लिए रैस्टोरैंट खोलने के लिए स्पष्ट निर्धारित संचालन विधि (एस.ओ.पीज़) और दिशा निर्देश बनाने के आदेश दिए हैं। इसके साथ ही उन्होंने कल से ग़ैर सीमित जोनों में शराब, हजामत, ब्युूटी पार्लर, सपाय आदि की दुकानें खोलने का ऐलान किया है।

उन्होंने स्वास्थ्य व परिवहन विभाग को निर्देश दिए हैं कि वह 1जून से 30 जून तक के लॉकडाउन के समय के लिए ग़ैर सीमित जोनों में गतिविधियों और आने -जाने की इजाज़त देने के लिए विस्तार में निर्धारित संचालन विधि लेकर आऐं।
सीमित जोनों में सिफर् ज़रूरी सेवाओं की ही आज्ञा दी जाये। घेरे पर सख्ती के साथ कंट्रोल किया जाये। ऐसे जोनों की शिनाख़्त ज़िला अथॉरिटी की तरफ से भारत सरकार के स्वास्थ्य व परिवार कल्याण मंत्रालय की दिशा निर्देशों को ध्यान में रखते ही की जायेगी। ज़िला अथॉरिटी की तरफ से सीमित ज़ोनों से बाहर बफर जोनों की शिनाख़्त की जायेगी जहाँ अगर बन्दिशों की ज़रूरत पड़ी तो लगाई जा सकेंगी।
सभी ग़ैर ज़रूरी गतिविधियों के लिए व्यक्तिगत आने -जाने की पाबंदियां रात 9 बजे से प्रात:काल 5 बजे के बीच पहले की तरह जारी रहेंगी। केंद्र के दिशा निर्देशों के अनुसार ज़िला प्रशासन को सी.आर.पी.सी. की धारा 144 के अंतर्गत पाबंदी के हुक्म जारी करने और इनकी सख्ती के साथ पालना के आदेश दिए गए हैं।
मुख्यमंत्री की हिदायतों के मुताबिक एक जून से मैन बाज़ार में दुकानें प्रात:काल 7 बजे से शाम 7बजे तक खुला करेंगी और शराब के ठेके प्रात:काल 8बजे से शाम 8 बजे तक खुले रहेंगे। मैन बाज़ारों, मार्केट कम्पलैकसों और रेहड़ी मार्केटों में भीड़ भाड़ को रोकने के लिए समय तय करने के लिए डिप्टी कमीशनरों को अपने अधिकार बरतने के लिए अधिकारित किया गया है। स्वास्थ्य विभाग की तरफ से जारी की जा रही निर्धारित संचालन विधि की पालना की शर्त पर हजामत की दुकानें, बाल काटने वाले सैलून, ब्युूटी पार्लर और सपाय कल से खोलने की इजाज़त है।
हालाँकि, मुख्यमंत्री ने यह भी स्पष्ट किया कि सभी एस.ओ.पीज़. को यकीनी बनाने के साथ-साथ मास्क पहनने और सामाजिक दूरी समेत स्वास्थ्य सुरक्षा उपायों की सख्ती के साथ पालना करनी होगी। मुख्यमंत्री ने लोगों से अपील करते हुये कहा कि चाहे कि शहरों और जिलों के दरमियान आने -जाने पर कोई बन्दिश नहीं परन्तु अनावश्यक सफर् से गुरेज़ किया जाये। उन्होंने राज्य के स्वास्थ्य विभाग को इस सम्बन्ध में अलग तौर पर एस.ओ.पी. जारी करने के लिए कहा।

मुख्यमंत्री के हुक्मों पर रविवार की शाम जारी किये ताज़ा दिशा - निर्देशों क ेमुताबिक ग़ैर -ज़रूरी वस्तुओं समेत सभी उत्पादों के लिए पंजाब में अब ई-कॉमर्स की इजाज़त है। स्वास्थ्य विभाग के एस.ओ.पीज़ के अनुसार खेल कंपलैक्स और स्टेडियम भी दर्शकों से बिना बिना खोले जा सकते हैं।

जहाँ तक बसों के अंतरराज्ज़ीय यातायात का सवाल है, परिवहन विभाग की तरफ से जारी किये जा रहे एस.ओ.पीज़ के मुताबिक दूसरे राज्यों की सहमति के साथ बसें चलाने की आज्ञा होगी। परिवहन विभाग की तरफ से बसों की अंतरराज्यीय यातायात के लिए एस.ओ.पी. जारी किया जायेगा। इसी तरह ज़रूरी वस्तुओं की अंतरराज्यीय यातायात पर बन्दिश नहीं होगी।

टैक्सियों, कैब, स्टेज कैरियर, टैम्पो ट्रैवल और कारों जैसे यात्री वाहनों की अंतरराज्यीय और राज्य में चलाने पर कोई बन्दिश नहीं है परन्तु 'कौवा ' एप से ख़ुद ही ई-पास बना कर डाउनलोड करना होगा। पंजाब के परिवहन विभाग की तरफ से जारी एस.ओ.पी. की पालना की शर्त पर साइकिल, रिक्शा और आटो - रिक्शे चलाने की इजाज़त होगी।

इसी तरह रेल गाड़ीयों की अंतरराज्यीय यातायात और घरेलू उड़ानों के लिए अंदरूनी मुसाफिऱों को स्वास्थ्य विभाग के एस.ओ.पीज़. की पालना करनी होगी और 'कौवा ' एप डाउनलोड करने और ख़ुद ही 'ई -पास ' बनाने या फिर रेलवे स्टेशन पर अपनी जानकारी देनी होगी। मुसाफिऱों को 14 दिनों के लिए घरेलू एकांतवास में रखा जायेगा।

ग्रामीण और शहरी दोनों क्षेत्रों में सारी किस्म के उद्योग, निर्माण की गतिविधियों के साथ साथ कृषि, बाग़बानी, पशु पालन और पशुओं के इलाज के लिए सेवाओं के बिना किसी बंदिश के चलाने की मंजूरी नहीं होगी। इसके अलावा उद्योगों और अन्य स्थापतियों के फिर काम शुरू करने के लिए किसी अलग मंज़ूरी की ज़रूरत नहीं होगी।

जहाँ तक दफ्तरों का सम्बन्ध है, केंद्र सरकार और निजी दफ़्तर मुलाजिमों के अपेक्षित सामथ्र्य के साथ खुलेंगे और यदि ज़रूरत हो तो छोटी टीम के साथ काम चलाने के लिए समय को उस अनुसार निश्चित किया जायेगा। पंजाब सरकार के

दफ्तरों में दफ़्तर के प्रमुख की तरफ से उपलब्ध जगह के अनुसार सामाजिक दूरी को यकीनी बनाया जायेगा। यदि जगह ज़रूरत के अनुसार उपलब्ध न हो तो मुलाजिमों रोटेशन अनुसार दफ़्तर में उपस्थित होंगे। ज़िला अधिकारी भीड़ और ज़्यादा सभा से बचाव रखने के लिए दफ़्तरी समय में कटौती किये बिना मुलाजिमों के लिए हिस्सा समय लागू करेंगे। सभी मुलाज़ीम चाहे सरकारी दफ्तरों में हों या प्रवाईवेट दफ्तरों या अन्य काम के स्थानों से सम्बन्धित तय समय (प्रात:काल 5 बजे से रात 9 बजे तक) के दौरान बिना किसी के पास आ जा सकेंगे। अंत्र -राज़ी और जिलों दरमियान सफर के लिए ई -पास ज़रूरी होगा।

केंद्र सरकार के दिशा निर्देशों के अनुसार जिन गतिविधियों पर इस दौर के दौरान 1 जून से 30 जून तक पाबंदी होगी उनमें सिनेमा हॉल, ज़िमनेजियम, स्विंमिंग पुल, मनोरंजन पार्क, थियेटर, बार, ऑडीटोरियम, अंसैबली हॉल और ऐसी अन्य स्थान शामिल हैं।

सामाजिक /राजनैतिक /खेल /मनोरंजन /अकादमिक /सांस्कृतिक /धार्मिक समागमों और अन्य जलसा करने की आज्ञा नहीं है। इसके इलावा सार्वजनिक स्थानों पर थूकने, शराब पीने, पान, तम्बाकू आदि की पूर्ण पाबंदी होगी चाहे इनकी बिक्री पर कोई पाबंदी नहीं होगी।

-----